# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।

ਫੋਨ ਨੰ: 0172-5212345/349, ਈ-ਮੇਲ: rmsa.civilworks@punjabeducation.gov.in


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ)
ਪੰਜਾਬ।

ਮੀਮੋ ਨੰ: ਸਸਅ/ਸਿਵਲ ਵਰਕਸ/2020/343856
ਮਿਤੀ : 30/12/2020

172527
31/12/20

ਵਿਸ਼ਾ: **ਸੈਨਟਰੀ ਨੈਪਕਿਨ ਦੀ ਸਪਲਾਈ ਸਬੰਧੀ ਹਦਾਇਤਾ ਜਾਰੀ ਕਰਨ ਬਾਰੇ।**

ਸਕੂਲਾਂ ਵਿੱਚ ਸੈਨਟਰੀ ਨੈਪਕਿਨ ਦੀ ਸਪਲਾਈ ਸ਼ੁਰੂ ਹੋਣ ਜਾ ਰਹੀ ਹੈ। ਇਸ ਸਬੰਧੀ ਸਕੂਲਾਂ ਨੂੰ ਹਦਾਇਤਾ ਜਾਰੀ ਕਰਨੀਆਂ ਬਣਦੀਆਂ ਹਨ ਤਾਂ ਜੋ ਸਪਲਾਈ ਦੇ ਵਿੱਚ ਇੱਕਸਾਰਤਾ ਬਣੀ ਰਹੇ। ਹਦਾਇਤਾ ਹੇਠ ਲਿਖੇ ਅਨੁਸਾਰ ਹਨ:-

1. ਸਕੂਲ ਵਿੱਚ 6ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੀਆਂ ਵਿਦਿਆਰਥਣਾਂ ਦੀ ਗਿਣਤੀ ਅਨੁਸਾਰ ਸੈਨਟਰੀ ਨੈਪਕਿਨ ਦੇ ਪੈਕਿਟ (3 ਪੈਕਿਟ ਪ੍ਰਤੀ ਵਿਦਿਆਰਥਣ) ਪ੍ਰਾਪਤ ਕੀਤੇ ਜਾਣ। ਇਹ ਦੱਸਣਯੋਗ ਹੈ ਕਿ ਹਰ ਇੱਕ ਪੈਕਿਟ ਵਿੱਚ 6 ਪੀਸ ਸੈਨਟਰੀ ਨੈਪਕਿਨ ਦੇ ਹਨ।
2. 6ਵੀਂ ਤੋਂ 8ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ Regular size ਦੇ ਸੈਨਟਰੀ ਨੈਪਕਿਨ ਅਤੇ 9ਵੀਂ ਤੋਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ Large size ਦੇ ਸੈਨਟਰੀ ਨੈਪਕਿਨ ਪ੍ਰਾਪਤ ਕੀਤੇ ਜਾਣ।
3. ਸਕੂਲ ਵੱਲੋਂ ਪ੍ਰਾਪਤ ਕੀਤੇ ਕੁੱਲ ਸੈਨਟਰੀ ਨੈਪਕਿਨ ਦੇ ਪੈਕਿਟਾਂ ਨੂੰ ਸਟਾਕ ਰਜਿਸਟਰ ਵਿੱਚ ਦਰਜ ਕਰਨਾ ਯਕੀਨੀ ਬਣਾਇਆ ਜਾਵੇ।
4. ਕਿਸੇ ਵੀ ਹਾਲਤ ਵਿੱਚ ਸਕੂਲ ਵੱਲੋਂ Loose ਸੈਨਟਰੀ ਨੈਪਕਿਨ ਪ੍ਰਾਪਤ ਨਾ ਕੀਤੇ ਜਾਣ।
5. ਸਕੂਲ ਵੱਲੋਂ ਪ੍ਰਾਪਤ ਕੀਤੇ ਕੁੱਲ ਪੈਕਿਟਾਂ ਦੀ ਰਸੀਦ ਫਰਮ ਦੇ ਪ੍ਰਤੀਨਿਧੀ ਨੂੰ ਜਾਰੀ ਕੀਤੀ ਜਾਵੇ ਅਤੇ ਉਸ ਦੀ ਇੱਕ ਕਾਪੀ ਸਕੂਲ ਦੇ ਰਿਕਾਰਡ ਵਿੱਚ ਲਗਾਈ ਜਾਵੇ।

30/12

ਸਹਾਇਕ ਡਾਇਰੈਕਟਰ (ਈ.ਐਂਡ.ਆਈ)
ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਸੀ-2/2020 344763
ਮਿਤੀ ਜਲੰਧਰ 31-12-20

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ